## ਰਾਮਕਲੀ ਮਹਲਾ ੫ ॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਦਾ, ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੮੮੭ ਤੇ ਸੁਭਾਇਮਾਨ ਹੈ।

ਇਸ ਸ਼ਬਦ ਵਿਚ ਪਾਤਸ਼ਾਹ ਜੀ ਨੇ ਪੁਰੋਹਿਤ/ਵਿਦਵਾਨ, ਧਰਮ ਦੀ ਵਿਦਿਆ ਦੇ ਵਿਸ਼ੇਸ਼ੱਗ ਵਰਗ ਨੂੰ ਟਕੋਰ ਕੀਤੀ ਹੈ ਕਿ ਉਹ ਧਰਮ ਗ੍ਰੰਥਾਂ ਦੇ, ਹਰ ਤਰੀਕੇ ਨਾਲ ਪਾਠ-ਪਠਨ/ਵਖ ਵਖ ਢੰਗਾਂ ਨਾਲ ਅਧਿਐਨ/ਖੋਜ ਕਰਨ ਤੇ ਜ਼ੋਰ ਦਿੰਦੇ ਹਨ। ਨਾਲ ਹੀ ਉਨ੍ਹਾਂ ਦੇ ਸੰਭਾਵੀ ਅਰਥਾਂ, ਧਰਮ ਮੀਮਾਂਸਾ ਅਤੇ ਪੜ੍ਹਨ ਦੇ ਢੰਗਾਂ ਤੇ ਚਰਚਾ, ਵਾਦ ਵਿਵਾਦ ਵੀ ਬਹੁਤ ਕਰਦੇ ਹਨ ਪਰੰਤੂ ਉਨ੍ਹਾਂ ਗ੍ਰੰਥਾਂ ਵਿਚ ਜੋ ਨਾਮ ਜਪਣ ਦਾ ਉਪਦੇਸ਼ ਦਿਤਾ ਗਿਆ ਹੈ, ਉਸ ਤੇ ਅਮਲ ਕਦਾਪਿ ਨਹੀਂ ਕਰਦੇ ਜਾਂ ਨਾਂ-ਮਾਤਰ ਹੀ ਕਰਦੇ ਹਨ, ਉਹ ਵੀ ਦਿਖਾਵਾ ਮਾਤਰ। ਨਾਮ ਰੂਪੀ ਰਹਿਤ ਨੂੰ, ਉਨ੍ਹਾਂ ਨੇ ਹਿਰਦੇ ਵਿਚ ਬਿਲਕੁਲ ਧਾਰਣ ਨਹੀਂ ਕੀਤਾ। ਸਿਰਫ਼ ਉਪਦੇਸ਼ ਦੇਣ ਅਤੇ ਪਠਨ-ਪਾਠਨ ਤਕ ਹੀ ਸੀਮਤ ਹਨ। ਇਹ ਪੁਰੋਹਿਤ ਵਰਗ, ਹਰ, ਕਹਿੰਦੇ, ਕਹਾਉਂਦੇ ਧਰਮ ਵਿਚ ਮੌਜੂਦ ਸੀ ਅਤੇ ਹੁਣ ਵੀ ਹੈ। ਹੁਣ ਤਾਂ ਆਮ ਮਨੁਖ ਵੀ ਧਰਮ ਦੇ ਠੇਕੇਦਾਰ ਬਣ ਬੈਠੇ ਹਨ ਅਤੇ ਧਰਮ ਗ੍ਰੰਥਾਂ ਦੇ ਬਾਰੇ ਆਪੋ ਵਿਚ ਖਹਿੰਦੇ ਰਹਿੰਦੇ ਹਨ। ਧਰਮ ਗ੍ਰੰਥ ਤਾਂ ਇਕ ਮਾਧਿਅਮ ਹੁੰਦੇ ਹਨ, ਸੰਤਾਂ, ਮਹਾਤਮਾਵਾਂ ਦੇ ਰੱਬੀ ਗਿਆਨ ਵਿਚੋਂ ਨਿਕਲੇ, ਨਾਮ ਜਪਣ ਦੇ ਉਪਦੇਸ਼ ਦਾ, ਜਿਸ ਨੂੰ ਜਪ ਕੇ ਮਨੁਖ ਨੇ ਪਾਰ ਉਤਰਨਾ ਹੁੰਦਾ ਹੈ। ਇਹ ਆਪਣੇ ਆਪ ਵਿਚ ਟੀਚਾ ਨਹੀਂ ਹੁੰਦੇ।

ਇਸ ਸ਼ਬਦ ਦੇ ਅਰਥ ਸਮਝਣ ਤੋਂ ਪਹਿਲਾਂ, ਇਹ ਗਲ ਸਮਝ ਲੈਣੀ ਜ਼ਰੂਰੀ ਹੈ ਕਿ ਪੁਰਾਤਨ ਸਮਿਆਂ ਵਿਚ, ਹਿੰਦੂ ਅਤੇ ਇਸਲਾਮ ਧਰਮਾਂ ਵਿਚ ਵੀ, ਪੁਰੋਹਿਤ ਵਰਗ, ਵਿਦਵਾਨ ਵਰਗ ਵੀ, ਮੰਨਿਆ ਜਾਂਦਾ ਸੀ। ਹਿੰਦੂਆਂ ਵਿਚ, ਪੰਡਤ ਹੀ, ਧਰਮ ਦਾ ਠੇਕੇਦਾਰ ਅਤੇ ਧਰਮ ਗ੍ਰੰਥਾਂ ਦਾ ਵਿਦਵਾਨ ਮੰਨਿਆ ਜਾਂਦਾ ਸੀ। ਇਸਲਾਮ ਵਿਚ, ਇਹੀ ਰੁਤਬਾ ਕਾਜ਼ੀ ਵਰਗ ਦਾ ਸੀ। ਪਰ ਅਜ ਦੇ ਸਮੇਂ, ਪੁਰੋਹਿਤ ਵਰਗ ਅਤੇ ਵਿਦਵਾਨ ਵਰਗ ਵਖ ਵਖ ਹੋ ਗਏ ਹਨ। ਪੁਰੋਹਿਤ ਵਰਗ ਮੰਦਰਾਂ, ਮਸੀਤਾਂ ਅਤੇ ਗੁਰਧਾਮਾਂ ਵਿਚ ਧਾਰਮਕ ਕਰਮ, ਕਥਾ, ਕੀਰਤਨ, ਸਾਂਭ ਸੰਭਾਲ ਆਦਿ ਕਰਦੇ ਹਨ ਅਤੇ ਇਨ੍ਹਾਂ ਅਸਥਾਨਾਂ ਤੇ ਕਾਬਜ਼ ਵੀ ਹਨ। ਜਦਕਿ ਧਰਮ ਦੇ ਵਿਦਵਾਨ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਡਿਗਰੀਆਂ ਲੈ ਕੇ, ਪ੍ਰੋਫ਼ੈਸਰ, ਅਧਿਆਪਕ ਕਹਾਉਂਦੇ ਹਨ। ਇਸ ਸ਼ਬਦ ਵਿਚ ਜੋ ਉਪਦੇਸ਼ ਪੰਡਤ ਨੂੰ ਸੰਬੋਧਨ ਕਰ ਕੇ ਦਿਤਾ ਗਿਆ ਹੈ, ਉਹ, ਅਜ ਦੇ ਇਨ੍ਹਾਂ ਦੋਹਾਂ ਵਰਗਾਂ ਤੇ ਲਾਗੂ ਹੁੰਦਾ ਹੈ। ਅਜ ਦੋਨੋ ਵਰਗ ਕੁਰਾਹੇ ਪਏ ਹਨ। ਧਰਮ ਦੇ ਵਿਦਵਾਨ ਜੋ ਖੋਜ ਕਾਰਜ ਕਰਦੇ ਹਨ, ਉਸ ਵਿਚ ਸ਼ਰਧਾ ਦੀ ਅਤੇ ਨਾਮ ਸਿਮਰਣ ਦੀ ਤਕਰੀਬਨ ਪੂਰਣ ਅਣਹੋਂਦ ਹੀ ਹੈ। ਤਰਕ ਅਤੇ ਇਤਿਹਾਸ ਦੇ ਨਾਂ ਤੇ ਸਿਰਫ਼ facts and figures ਹੀ ਦਸਣ ਦੀ ਹੋੜ ਲਗੀ ਹੋਈ ਹੈ। ਉਨ੍ਹਾਂ ਦੇ ਸੈਮੀਨਾਰ, work shops, ਲੈਕਚਰ ਆਦਿ ਵੀ, ਇਸੇ ਆਸ਼ੇ ਨੂੰ ਮੁਖ ਰਖ ਕੇ ਹੀ ਹੁੰਦੇ ਹਨ। ਨਿਜੀ ਤੌਰ ਤੇ, ਇਨ੍ਹਾਂ ਵਿਚੋਂ ਬਹੁਤੇ ਵਿਦਵਾਨ, ਅਸਲ ਧਰਮ ਤੋਂ ਕੋਹਾਂ ਦੂਰ ਹੀ ਨਹੀਂ ਹੁੰਦੇ ਸਗੋਂ ਡਿਗੇ ਹੋਏ ਇਖ਼ਲਾਕ ਦੇ ਮਾਲਕ ਹੁੰਦੇ ਹਨ। ਗ਼ਲਤ ਢੰਗਾਂ ਨਾਲ ਉਚੀਆਂ ਪੋਸਟਾਂ ਤੇ ਪੁਜ ਕੇ, ਅਸਲ ਧਰਮ ਦੇ ਤੱਥਾਂ ਅਤੇ ਗ੍ਰੰਥਾਂ ਦੀ ਤੋੜ ਮਰੋੜ ਕੇ, ਤਰਕ ਆਦਿ ਨਾਲ ਜੋੜ ਕੇ, ਔਖੀ ਤੋਂ ਔਖੀ, ਅਸ਼ਰਧਕ ਵਿਆਖਿਆ ਕਰ ਕੇ ਆਮ ਲੋਕਾਂ ਨੂੰ ਧਰਮ ਤੋਂ ਦੂਰ ਹੀ ਕਰਦੇ ਹਨ।

**ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥**
**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥੧॥**

– – ਹੇ ਪੰਡਤ ! ਤੂੰ ਆਪਣੇ ਧਰਮ ਗ੍ਰੰਥਾਂ ਨੂੰ ਤਾਂ ਆਪਣੇ ਮੂੰਹ ਨਾਲ, ਉਨ੍ਹਾਂ ਦੇ ਅਰਥਾਂ ਸਮੇਤ ਪੜ੍ਹਦਾ ਹੈਂ ਅਤੇ ਪੜ੍ਹ ਪੜ੍ਹ ਸੁਣਾਉਂਦਾ ਹੈਂ, ਪਰ ਤੂੰ ਆਪਣੇ ਹਿਰਦੇ ਵਿਚ ਰਾਮ, ਪ੍ਰਭੂ ਨਹੀਂ ਵਸਾਇਆ ਕਿਉਂਕਿ ਤੂੰ ਆਪਣੇ ਅੰਦਰ ਦੀ ਰਹਿਤ, ਨਾਮ ਜਪਣ ਨੂੰ ਤਾਂ ਦ੍ਰਿੜ੍ਹ ਹੀ ਨਹੀਂ ਕੀਤਾ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੧੧੪ ਤੇ, ਫ਼ੁਰਮਾਣ ਕਰਦੇ ਹਨ ਕਿ ਪੰਡਤ, ਸਿਮ੍ਰਿਤਿਆਂ, ਸ਼ਾਸਤਰ, ਵੇਦ ਆਦਿ ਸਭ ਧਰਮ ਗ੍ਰੰਥਾਂ ਦਾ ਖ਼ੂਬ ਬਖਾਨ ਕਰਦਾ ਹੈ ਪਰ ਤੱਤ, ਭਾਵ ਵਾਹਗੁਰੂ ਦੇ ਨਾਮ ਨੂੰ ਜਾਣੇ ਬਿਨਾਂ ਇਹ ਪਾਠ ਪਠਣ ਕਰਨਾ, ਸਭ ਭਰਮ ਵਿਚ ਹੈ – 'ਸਿਮ੍ਰਿਤਿ ਸਾਸਤ ਬੇਦ ਵਖਾਣੈ॥ ਭਰਮੇ ਭੂਲਾ ਤਤੁ ਨ ਜਾਣੈ॥'
ਭਗਤ ਨਾਮਦੇਵ ਜੀ ਨੇ ਵੀ, ਪੰਨਾ ੭੧੮ ਤੇ, ਇਹੀ ਗਿਆਨ ਬਖਸ਼ਿਆ ਹੈ ਕਿ ਪੁਰੋਹਿਤ/ਵਿਦਵਾਨ ਵਰਗ ਤਾਂ ਧਰਮ ਗ੍ਰੰਥਾਂ ਦਾ ਬਖਾਨ ਕਰਨ ਤੇ ਹੀ ਰਿਹਾ, ਉਸਦੇ ਹਿਸਾਬ ਦੇ, ਮੈਂ ਅਨਪੜ੍ਹ ਮੂਰਖ ਨੇ, ਸਿਮਰਣ ਕਰ ਕੇ ਪ੍ਰਭੂ ਰਾਮ ਨੂੰ ਜਾਣ ਵੀ ਲਿਆ, ਪਾ ਲਿਆ – 'ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ॥'

ਭਗਤ ਕਬੀਰ ਜੀ ਨੇ, ਪੰਨਾ ੧੧੦੨ ਤੇ, ਅਜਿਹੇ ਪੰਡਤ ਤੇ ਕਰਾਰੀ ਚੋਟ ਮਾਰੀ ਹੈ ਕਿ ਤੂੰ ਪੁਠੀ ਮਤ ਲਈ ਹੋਈ ਹੈ, ਮਾੜੇ ਭਾਗ ਹੋਣ ਕਰਕੇ ਤੂੰ ਰਾਮ ਨਾਮ ਦਾ ਜਾਪ ਨਹੀਂ ਜਪਦਾ, ਜਿਸ ਕਰਕੇ ਪਰਿਵਾਰ ਸਮੇਤ ਡੁਬੇਂਗਾ। ਤੇਰਾ, ਧਰਮ ਗ੍ਰੰਥਾਂ ਦੇ ਪਾਠ ਕੀਤੇ ਦਾ ਕੀ ਫਾਇਦਾ, ਜੇ ਤੂੰ ਰਾਮ ਨਾਮ ਦੇ ਸਿਮਰਣ ਦੀ ਮਹੱਤਤਾ ਨੂੰ ਨਹੀਂ ਸਮਝਿਆ ਤਾਂ ਕਿਵੇਂ ਪਾਰ ਹੋਵੇਂਗਾ। ਇਹ, ਗ੍ਰੰਥਾਂ ਦਾ ਪੜ੍ਹਨਾ ਤਾਂ ਇੰਜ ਹੋ ਗਿਆ ਜਿਵੇਂ ਖੋਤੇ ਨੇ ਚੰਦਨ ਦਾ ਭਾਰ ਲਦਿਆ ਹੋਵੇ। ਤੈਨੂੰ ਤਾਂ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਵੀ ਅਜੇ ਤਕ ਇਹ ਸਮਝ ਹੀ ਨਹੀਂ ਪਈ ਕਿ ਰਾਮ ਪ੍ਰਭੂ ਦਾ ਨਾਮ ਜਪੇ, ਸਿਮਰੇ ਬਿਨਾਂ ਤੂੰ ਭਵਸਾਗਰ ਪਾਰ ਕਰ ਹੀ ਨਹੀਂ ਸਕਦਾ – 'ਪਡੀਆ ਕਵਨ ਕੁਮਤਿ ਤੁਮ ਲਾਗੇ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰੁ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥' ਭਗਤ ਨਾਮਦੇਵ ਜੀ ਵਾਲੀ ਸ਼ੈਲੀ ਵਿਚ ਵੀ ਇਹੀ ਕਿਹਾ ਹੈ ਕਿ ਪੁਰੋਹਿਤ/ਵਿਦਵਾਨ ਤਾਂ ਧਰਮ ਗ੍ਰੰਥਾਂ ਦੇ ਪੜਣ ਤਕ ਹੀ ਰਹਿ ਗਿਆ, ਪ੍ਰਭੂ, ਗੋਬਿੰਦ ਤਾਂ ਨਾਮਦੇਵ ਜੀ ਦੇ ਹਿਰਦੇ ਵਿਚ ਸਮਾਇਆ ਹੈ – 'ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥', ਪੰਨਾ ੪੮੨.

ਪਾਤਸ਼ਾਹ ਨੇ, ਪੰਨਾ ੨੧੫ ਤੇ ਅਜਿਹਾ ਹੀ ਉਪਦੇਸ਼ ਦਿਤਾ ਹੈ ਕਿ ਸਭ ਧਰਮ ਗ੍ਰੰਥਾਂ ਦੇ ਰਚਣਹਾਰ ਮਹਾਂਪੁਰਖਾਂ ਨੇ ਇਹੀ ਫ਼ੁਰਮਾਣ ਕੀਤਾ ਹੈ ਕਿ ਹਰੀ ਦੇ ਸਿਮਰਣ ਤੋਂ ਬਿਨਾਂ ਕੋਈ ਛੁਟਕਾਰਾ ਨਹੀਂ ਅਤੇ ਕਿਸੇ ਨੇ ਕਦੇ ਵੀ ਸਿਮਰਣ ਤੋਂ ਬਿਨਾਂ ਪਰਮ ਸੁਖ ਦੀ ਪ੍ਰਾਪਤੀ ਨਹੀਂ ਕੀਤੀ – 'ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥ ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥'

– – ਤੂੰ, ਬਾਕੀ ਲੋਕਾਂ ਨੂੰ ਤਾਂ ਗ੍ਰੰਥਾਂ ਦੇ ਅਰਥ ਸੁਣਾ ਸੁਣਾ ਕੇ ਦ੍ਰਿੜ੍ਹ ਕਰਵਾਉਣ ਦਾ ਕੰਮ ਕੀਤਾ ਹੈ ਪਰ ਉਸ ਦਿਤੇ ਹੋਏ ਉਪਦੇਸ਼ ਅਨੁਸਾਰ ਤੂੰ ਆਪ ਨਾਮ ਦੀ ਕਮਾਈ ਨਹੀਂ ਕੀਤੀ।੧।

ਪਾਤਸ਼ਾਹ ਨੇ ੩੭੨ ਪੰਨੇ ਤੇ ਵੀ ਇਸੇ ਤਰ੍ਹਾਂ ਬਚਨ ਕੀਤੇ ਹਨ ਕਿ ਜੋ, ਹੋਰਨਾਂ ਨੂੰ ਤਾਂ ਉਪਦੇਸ਼ ਸੁਣਾਉਂਦਾ ਹੈ ਪਰ ਆਪ ਨਾਮ ਦੀ ਸਚਿਆਈ ਨੂੰ ਨਹੀਂ ਬੁਝਦਾ, ਉਹ ਬ੍ਰਾਹਮਣ ਕਦੇ ਪ੍ਰਾਪਤੀ ਨਹੀਂ ਕਰ ਸਕਦਾ। ਇਸ ਲਈ, ਹੇ ਮੂਰਖ ਬ੍ਰਾਮਣ ! ਪ੍ਰਭੂ ਦਾ ਨਾਮ ਜਪ ਲੈ, ਪ੍ਰਭੂ, ਸਦਾ ਤੇਰੇ

ਨਾਲ ਹੀ ਤਾਂ ਹੈ, ਤੈਨੂੰ ਵੇਖਦਾ ਅਤੇ ਸੁਣਦਾ ਹੈਂ - 'ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥ ਮੂਰਖ ਬਾਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥'

ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥੧॥ਰਹਾਉ॥

-- ਹੇ ਪੰਡਤ ! ਤੂੰ ਧਰਮ ਗ੍ਰੰਥਾਂ ਦੀ ਅਸਲ ਵਿਚਾਰ ਕਰ, ਭਾਵ, ਉਨ੍ਹਾਂ ਵਿਚ ਦਿਤੇ ਗਏ ਨਾਮ ਜਪਣ ਦੇ ਉਪਦੇਸ਼ ਨੂੰ ਧਾਰਣ ਕਰ ਅਤੇ ਨਾਮ ਦੀ ਕਮਾਈ ਨਾਲ, ਜੋ ਕ੍ਰੋਧ ਆਦਿ ਵਿਕਾਰਾਂ ਦੇ ਕਾਬੂ ਕਰਣ ਦੀ ਹਦਾਇਤ ਕੀਤੀ ਗਈ ਹੈ ਉਨ੍ਹਾਂ ਦਾ ਵੀ ਆਪਣੇ ਵਿਚ ਨਿਵਾਰਣ ਕਰ।੧।ਰਹਾਉ।

ਪਾਤਸ਼ਾਹ ਦੇ ਬਚਨ ਹਨ ਕਿ ਸਾਰੇ ਧਰਮ ਗ੍ਰੰਥ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਅਤੇ ਇਨ੍ਹਾਂ ਨੂੰ ਸੋਧ ਸੋਧ ਕੇ ਇਸ ਨਿਰਣੇ ਤੇ ਪੁਜੇ ਹਾਂ ਕਿ ਹਰੀ ਦੇ ਨਾਮ ਨੂੰ ਸਿਮਰੇ ਬਿਨਾਂ ਛੁਟਕਾਰਾ ਸੰਭਵ ਹੀ ਨਹੀਂ, ਇਸ ਲਈ ਗ੍ਰੰਥ ਪੜ੍ਹ ਪੜ੍ਹ ਕੇ, ਹਾਰ ਕੇ ਅਸੀਂ ਹੁਣ ਪ੍ਰਭੂ ਦੇ ਸਿਮਰਨ ਰਾਹੀਂ ਉਸ ਦੀ ਸ਼ਰਣ ਪਏ ਹਾਂ - 'ਸਸਾ ਸਰਨਿ ਪਰੇ ਅਬ ਹਾਰੇ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ॥ ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥', ਪੰਨਾ ੨੬੦.

ਭਗਤ ਪਰਮਾਨੰਦ ਜੀ ਨੇ, ਪੰਨਾ ੧੨੫੩ ਤੇ ਫ਼ੁਰਮਾਣ ਕੀਤਾ ਹੈ ਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਕੀ ਲਾਭ ਜੇ, ਮਨੁਖ ਦੇ ਅੰਦਰ ਪ੍ਰਭੂ ਦੀ ਭਗਤੀ ਪੈਦਾ ਨਹੀਂ ਹੋਈ ਅਤੇ ਲੋੜਵੰਦ ਨੂੰ ਕਦੇ ਦਾਨ ਨਹੀਂ ਦਿਤਾ। ਕਾਮ ਕ੍ਰੋਧ ਲੋਭ ਆਦਿ ਵਿਕਾਰ ਛੁਟੇ ਨਹੀਂ। ਨਾ ਹੀ ਨਿੰਦਾ ਕਰਣੀ ਛੁਟੀ, ਨਾ ਕਦੇ ਜੀਆਂ ਤੇ ਦਇਆ ਕੀਤੀ, ਸਗੋਂ ਉਨ੍ਹਾਂ ਪ੍ਰਤੀ ਹਿੰਸਾ ਹੀ ਕੀਤੀ, ਭਾਵ ਹਤਿਆ ਕੀਤੀ, ਜਿਸ ਕਰਕੇ ਗ੍ਰੰਥਾਂ ਦਾ ਕੀਤਾ ਪਾਠ, ਵਿਅਰਥ ਹੋ ਗਿਆ - 'ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥ ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸੇਵਾ॥.. ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥..'

ਆਗੈ ਰਾਖਿਓ ਸਾਲ ਗਿਰਾਮੁ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ॥
ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥੨॥

-- ਹੇ ਪੰਡਤ ! ਤੂੰ ਆਪਣੇ ਅਗੇ ਤਾਂ ਪੂਜਾ ਕਰਨ ਹਿਤ, ਆਪਣੇ ਸਾਧਯ, ਠਾਕੁਰ ਦੀ ਮੂਰਤੀ ਰਖੀ ਹੋਈ ਹੈ। ਪਰ ਤੇਰਾ ਮਨ ਦਸਾਂ ਦਿਸ਼ਾਵਾਂ ਵਿਚ ਭਟਕਦਾ ਫ਼ਿਰਦਾ ਹੈ। ਤੇਰਾ ਮਨ ਤਾਂ ਤੇਰੀ ਕੀਤੀ ਪੂਜਾ ਵਿਚ ਕਦੇ ਲਗਿਆ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਪੰਡਤ ਨੂੰ ਖ਼ਬਰਦਾਰ ਕੀਤਾ ਹੈ ਕਿ ਤੂੰ ਸਾਲਗਰਾਮ, ਭਾਵ, ਪਥਰਾਂ ਦੀ ਪੂਜਾ ਕਰਕੇ, ਕਰਮ ਕਾਂਡੀ ਤੁਲਸੀ ਮਾਲਾ ਧਾਰਣ ਕਰਕੇ, ਪ੍ਰਭੂ ਨੂੰ ਮਨਾਉਣਾ ਲੋਚਦਾ ਹੈਂ। ਰਾਮ ਦਾ ਨਾਮ ਜਪਣ ਦਾ ਬੇੜਾ ਬੰਨ੍ਹ ਅਤੇ ਉਸ ਰਾਹੀਂ ਪਾਰ ਹੋਣ ਲਈ ਪ੍ਰਭੂ ਅਗੇ ਬੇਨਤੀ ਕਰ - 'ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥', ਪੰਨਾ ੧੧੭੦. ਇਹ ਅਸੂਲ ਹਰ ਧਰਮ ਤੇ ਲਾਗੂ ਹੈ। ਸਿਰਫ਼ ਮਥੇ ਟੇਕਣ ਨਾਲ ਨਹੀਂ, ਗੁਰ ਉਪਦੇਸ਼ ਨੂੰ ਹਿਰਦੇ ਵਿਚ ਧਾਰਣ ਕਰ ਕੇ ਗੁਰ-ਸ਼ਬਦ, ਗੁਰ-ਮੰਤਰ ਦੀ ਕਮਾਈ ਕੀਤੇ ਬਿਨਾਂ ਕੁਝ ਹਾਸਲ ਨਹੀਂ ਹੋ ਸਕਦਾ। ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ, ਮਨਮੁਖਾਂ ਦਾ ਮਨ ਤ੍ਰਿਸ਼ਨਾ, ਲੋਭ ਤੇ ਵਿਕਾਰਾਂ ਕਰਕੇ, ਦਸੋ ਦਿਸ਼ਾਵਾਂ ਵਿਚ ਭਟਕਦਾ ਹੈ - 'ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ॥', ਪੰਨਾ ੧੪੧੯.

-- ਤੂੰ ਲੋਕਾਂ ਨੂੰ ਦਿਖਾਉਣ ਖ਼ਾਤਰ, ਉਸ ਬੁਤ ਨੂੰ ਤਿਲਕ ਕਰ ਰਿਹਾ ਹੈਂ ਅਤੇ ਉਸ ਨੂੰ ਮਥੇ ਵੀ ਟੇਕ ਰਿਹਾ ਹੈਂ। ਇਹ ਜੋ ਸਭ ਕੁਝ ਤੂੰ ਲੋਕ ਦਿਖਾਵੇ ਲਈ ਕਰ ਰਿਹਾ ਹੈਂ, ਇਹ ਅਗਿਆਨਤਾ ਵਾਲੇ ਕੰਮ ਹਨ।੨।

ਭਗਤ ਨਾਮਦੇਵ ਜੀ, ਪੰਨਾ ੮੭੩ ਤੇ ਸਪੱਸ਼ਟ ਕਰ ਰਹੇ ਹਨ ਕਿ, ਭਾਵੇਂ ਚਾਰੇ ਵੇਦ, ਭਾਵ, ਸਾਰੇ ਧਰਮ ਗ੍ਰੰਥ ਪੜ੍ਹਦਾ ਹੋਵੇ, ਸਾਰੇ ਹੀ ਦਸੇ ਗਏ ਧਰਮ ਕਰਮ ਕਰਦਾ ਹੋਵੇ, ਗੁਰੂ ਦੀ ਸਿਖਿਆ ਅਨੁਸਾਰ ਆਪਣੀਆਂ ਇੰਦਰੀਆਂ ਤੇ ਕਾਬੂ ਵੀ ਪਾਉਂਦਾ ਹੋਵੇ, ਛੇ ਕਰਮ ਵੀ ਕਰਦਾ ਹੋਵੇ। ਪਰ ਇਨ੍ਹਾਂ ਸਭ ਤੋਂ ਉਤਮ ਹੈ ਜੇ ਤੂੰ ਪ੍ਰਭੂ ਦਾ ਸਿਮਰਣ ਕਰ ਲਵੇਂ, ਕਿਉਂਕਿ ਤੂੰ ਨਾਮ ਸਿਮਰ ਕੇ ਹੀ ਭਵਜਲ ਸਾਗਰ ਤੋਂ ਪਾਰ ਹੋ ਸਕੇਂਗਾ, ਭਗਤ ਨਾਮਦੇਵ ਜੀ ਦਾ ਇਹੀ ਉਪਦੇਸ਼ ਹੈ - 'ਮੁਖਿ ਬੇਦ ਚਤੁਰ ਪੜਤਾ॥ ਸਗਲ ਧਰਮ ਅਛਿਤਾ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ॥ ਖਟੁ ਕਰਮ ਸਹਿਤ ਰਹਤਾ॥..ਸਿਮਰਿ ਸਿਮਰਿ ਗੋਬਿੰਦੰ॥ ਭਜੁ ਨਾਮਾ ਤਰਸਿ ਭਵ ਸਿੰਧੰ॥'

ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿਚ ਫ਼ੁਰਮਾਇਆ ਹੈ ਕਿ ਤੇਰਾ ਜਨਮ ਤਾਂ ਮਨੁਖਾਂ ਵਾਲਾ ਹੈ ਪਰ ਕੰਮ ਪਸ਼ੂਆਂ ਵਾਲੇ ਹਨ। ਸਭ ਕੁਝ ਤੂੰ ਲੋਕ ਦਿਖਾਵੇ ਲਈ ਕਰਦਾ ਹੈਂ, ਬਾਹਰੋਂ ਤੂੰ ਭਗਤਾਂ ਵਾਲਾ ਭੇਖ ਰਖਦਾ ਹੈਂ ਪਰ ਅੰਦਰ ਵਿਕਾਰਾਂ ਦੀ ਮੈਲ ਭਰੀ ਪਈ ਹੈ, ਬਾਹਰ ਗਿਆਨੀ ਧਿਆਨੀ ਇਸਨਾਨੀ ਹੈਂ ਪਰ ਅੰਦਰ, ਕੁਤਾ ਲੋਭ ਬੈਠਾ ਹੈ - 'ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥ ਬਾਹਰਿ ਭੇਖ ਅੰਤਰਿ ਮਲੁ ਮਾਇਆ॥..ਬਾਹਰਿ ਗਿਆਨ ਧਿਆਨ ਇਸਨਾਨ॥ ਅੰਤਰਿ ਬਿਆਪੈ ਲੋਭੁ ਸੁਆਨੁ॥'

ਭਗਤ ਕਬੀਰ ਜੀ ਨੇ, ਪੰਨਾ ੬੭੦ ਤੇ, ਫ਼ੁਰਮਾਣ ਕੀਤਾ ਹੈ ਕਿ ਹੇ ਬ੍ਰਾਮਣ ! ਤੂੰ, ਹਰੀ ਦਾ ਸਿਮਰਣ ਕਿਉਂ ਨਹੀਂ ਕਰਦਾ। ਰਾਮ ਰਾਮ ਨਹੀਂ ਕਰੇਂਗਾ ਤਾਂ ਐਵੇਂ ਦੋਜ਼ਕ ਹੀ ਭਰੇਂਗਾ। ਇਸਲਾਮ ਵਿਚ ਦੋਜ਼ਕ ਨੂੰ, ਹਿੰਦੂ ਨਰਕ ਵਾਂਙ ਮੰਨਿਆਂ ਜਾਂਦਾ ਹੈ - 'ਕਾਹੇ ਮੇਰੇ ਬਾਮ੍ਨ ਹਰਿ ਨ ਕਹਹਿ॥ ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ॥' ਪਖੰਡੀ ਪੰਡਤ ਤੇ, ਇਸਲਾਮੀ ਦੋਜ਼ਕ ਜਾਣ ਦੀ ਦੋਹਰੀ ਸੱਟ ਮਾਰੀ ਹੈ, ਕਿਉਂਕਿ ਹਿੰਦੂ ਦੋਜ਼ਕ ਨੂੰ ਨਹੀਂ ਮੰਨਦੇ। ਅਖੀਰ ਤੇ ਨਿਰਣਾ ਦਿੰਦੇ ਹਨ ਕਿ **ਪੁਰੋਹਿਤ ਵਰਗ ਤਾਂ ਗ੍ਰੰਥਾਂ ਵਿਚ ਕੀਤੇ, ਨਾਮ ਜਪਣ ਦੇ ਉਪਦੇਸ਼ ਮੁਤਾਬਕ, ਨਾਮ ਨਾ ਜਪਣ ਕਰਕੇ, ਨਿਰਾ, ਗ੍ਰੰਥਾਂ ਤੇ ਹੀ ਅਖਉਤੀ ਭਰੋਸਾ ਰਖਣ ਕਰ ਕੇ ਡੁਬ ਮਰਿਆ ਪਰ ਦੂਜੇ ਪਾਸੇ ਸਾਡੇ (ਭਗਤ ਕਬੀਰ ਜੀ) ਵਰਗੇ ਹੋਰ ਭਗਤ ਵੀ, ਸਿਰਫ਼ ਪ੍ਰਭੂ ਦਾ ਨਾਮ ਹੀ ਜਪ ਲੈਣ ਕਰਕੇ ਪਾਰ ਹੋ ਗਏ** - '**ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥**' **ਮਹਾਤਮਾ ਬੁਧ** ਨੇ ਵੀ ਚੇਲਿਆਂ ਨੂੰ ਉਪਦੇਸ਼ ਦਿਤਾ ਸੀ ਕਿ ਜੋ ਹੈ, ਉਹ ਵੀ ਨਾਮ, ਰੂਪ ਕਰ ਕੇ ਹੀ ਹੈ, ਹਸਤੀ ਕਰ ਕੇ ਨਹੀਂ। **ਇਕ ਵਾਰ ਤਾਂ ਇਥੋਂ ਤਕ ਵੀ ਆਖ ਦਿਤਾ ਸੀ ਕਿ ਮੇਰੇ ਉਪਦੇਸ਼ਾਂ ਦੀ ਵੀ ਤ੍ਰਿਸ਼ਨਾ ਨ ਕਰੋ, ਜਫਾ ਨਾ ਮਾਰੋ। ਇਹ ਬੇੜਾ ਮੈਂ ਤੁਹਾਨੂੰ ਕੇਵਲ ਨਦੀ ਪਾਰ ਕਰਨ ਲਈ ਦਿਤਾ ਹੈ, ਕਿਤੇ ਇਸ ਨੂੰ ਮੋਢਿਆਂ ਤੇ ਨਾ ਚੁਕੀ ਫਿਰਿਓ।** ਆਉ ਸੋਚੀਏ।

**ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥**
**ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥੩॥**

-- ਹੇ ਪੰਡਤ ! ਤੂੰ ਸ਼ਾਸਤਰਾਂ ਵਿਚੋਂ, ਮਿਥੇ ਹੋਏ ਛੇ ਕਰਮ ਮੰਨ ਕੇ, ਉਨ੍ਹਾਂ ਦਾ ਪਾਲਣ ਕਰਦਾ ਹੈਂ, ਆਪਣੇ ਬੈਠਣ ਲਈ ਖ਼ਾਸ ਕਪੜਾ ਵਿਛਾਉਂਦਾ ਹੈਂ, ਤੇ ਖ਼ਾਸ ਨਾਪ ਦੇ ਕਪੜੇ ਦੀ ਤੇੜ ਵਾਲੀ ਧੋਤੀ ਬੰਨ੍ਹਦਾ ਹੈਂ। ਧਨਵਾਨ ਮਨੁਖਾਂ ਦੇ ਘਰ ਜਾ ਜਾ ਕੇ, ਧਰਮ ਪੋਥੀਆਂ ਦੇ ਪਾਠ ਪੜ੍ਹ ਪੜ੍ਹ ਕੇ ਸੁਣਾਉਂਦਾ ਹੈਂ, ਕਿਉਂਕਿ ਉਥੋਂ ਮੋਟੀ ਰਕਮ ਮਿਲਦੀ ਹੈ।

ਇਹ ਪਦਾ, ਅਜ ਪੁਰੋਹਿਤ ਵਰਗ ਤੇ ਹੀ ਲਾਗੂ ਹੈ, ਅਜ ਦੇ ਧਰਮ ਦੇ ਵਿਦਵਾਨਾਂ ਤੇ ਨਹੀਂ, ਕਿਉਂਕਿ ਵਿਦਵਾਨ ਵਰਗ ਤਾਂ ਧਰਮ ਕਰਮਾਂ ਤੋਂ ਤਾਂ ਪੂਰੇ ਤੌਰ ਤੇ ਟੁਟਿਆ ਹੋਇਆ ਹੈ। ਗੁਰਮਤਿ ਨੇ ਇਨ੍ਹਾਂ ਛੇ ਕਰਮਾਂ ਨੂੰ ਸਵੀਕਾਰ ਨਹੀਂ ਕੀਤਾ। ਨਾਮ ਜਪਣਾ ਹੀ ਸਭ ਤੋਂ ਉਤਮ ਕਰਮ ਹੈ - 'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥', ਪੰਨਾ ੬੪੨.

-- ਤੂੰ ਜਾਪ ਕਰਣ ਲਈ ਦਿਖਾਵੇ ਦੀ ਮਾਲਾ ਵੀ ਖ਼ੂਬ ਫ਼ੇਰਦਾ ਹੈਂ, ਪਰ ਹੋਰਨਾਂ ਤੋਂ ਮੰਗ ਕੇ ਖਾਂਦਾ ਹੈਂ। ਪਰ ਹੇ ਮੇਰੇ ਮਿਤਰ ਪੰਡਤ ! ਇਨ੍ਹਾਂ ਢੰਗਾਂ ਦੇ ਅਪਣਾਉਣ ਨਾਲ ਕਦੇ ਕੋਈ ਵੀ ਭਵਜਲ ਸੰਸਾਰ ਸਾਗਰ ਤੋਂ ਪਾਰ ਨਹੀਂ ਤਰਿਆ।੩।

ਸ੍ਰੀ ਗੁਰੂ ਨਾਨਕ ਸਾਹਿਬ, ਕਰਮ ਕਾਂਡੀ ਪੰਡਤ ਦਾ ਪਾਜ ਉਘੇੜ ਕੇ, ਉਸ ਨੂੰ ਸਹੀ ਉਪਦੇਸ਼ ਕਰਦੇ ਹਨ ਕਿ ਤੂੰ ਧਰਮ ਗ੍ਰੰਥਾਂ ਦੇ ਪਾਠ ਵੀ ਕਰਦਾ ਹੈਂ, ਦਿਨ ਦੇ ਹਰ ਵਕਤ ਦਾ ਨੇਮ ਵੀ ਪੂਰਾ ਕਰਦਾ ਹੈਂ। ਗਲ ਵਿਚ ਮਾਲਾ ਵੀ ਪਾਈ ਹੈ, ਮਥੇ ਤੇ ਤਿਲਕ ਵੀ ਲਗਾਇਆ ਹੈ ਸਦਾ ਦੋ ਧੋਤੀਆਂ ਰਖਦਾ ਹੈਂ, ਭਾਵ, ਸਾਰੀ ਬਾਹਰੀ ਰਹਿਤ ਰਖਦਾ ਹੈਂ, ਜੇ ਤੂੰ, ਨਾਮ ਜਪਣ ਵਾਲੇ ਰੱਬੀ ਕਰਮ ਨੂੰ ਸਮਝ, ਤਾਂ ਤੈਨੂੰ ਪਤਾ ਲਗੇਗਾ ਕਿ ਯਕੀਨਨ, ਸਿਮਰਨ ਤੋਂ ਛੁਟ, ਇਹ ਬਾਕੀ ਸਾਰੇ ਕਰਮ ਵਿਅਰਥ ਹਨ। ਗੁਰੂ ਦੇ ਰਾਹ ਦਿਖਾਉਣ ਤੇ, **ਸਚੇ ਮਨ ਨਾਲ ਸਿਮਰਣ ਕੀਤੇ ਬਿਨਾਂ, ਵਾਹਗੁਰੂ ਦੇ ਦਰਬਾਰ ਦਾ ਰਸਤਾ ਕਦੇ ਨਹੀਂ ਮਿਲ ਸਕਦਾ** - 'ਪੜਿ ਪੁਸਤਕ ਸੰਧਿਆ ਬਾਦੰ॥.. ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥ ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥', ਪੰਨਾ ੪੭੦. ਇਹ ਉਪਦੇਸ਼ ਸਿਰਫ਼ ਪੰਡਤ ਲਈ ਹੀ ਨਹੀਂ ਸਾਰੇ ਧਰਮਾਂ ਲਈ ਸਹੀ ਹੈ। ਅਜ, ਸਭ ਧਰਮਾਂ ਦੇ ਪੁਰੋਹਿਤ ਵਰਗਾਂ (priestly class) ਨੇ ਸਭ ਧਰਮਾਂ ਦੇ ਕਹਿੰਦੇ ਕਹਾਉਂਦੇ ਪੈਰੋਕਾਰਾਂ ਨੂੰ ਪ੍ਰਭੂ ਦੇ ਨਾਮ ਸਿਮਰਨ ਦੇ ਰਾਹ ਤੋਂ ਭਟਕਾ ਕੇ, ਧਰਮ ਗ੍ਰੰਥਾਂ ਦੇ ਪਾਠ-ਪਠਨ, ਤੀਰਥ-ਗਮਨ ਅਤੇ ਹੋਰ ਕਰਮ ਕਾਂਡਾਂ ਵਲ ਲਗਾ ਦਿਤਾ ਹੈ।

ਪਾਤਸ਼ਾਹ ਨੇ ਇਹੀ ਪਕਾ ਕੀਤਾ ਹੈ ਕਿ ਇਹ ਸੰਸਾਰ ਸਾਗਰ, ਉਸੇ ਨੇ ਹੀ ਤਰਿਆ ਹੈ, ਜਿਸ ਨੇ ਇਕ ਪ੍ਰਭੂ ਦਾ ਨਾਮ ਜਪਿਆ ਹੈ - 'ਸੰਸਾਰੁ ਸਾਗਰੁ ਤਿਨ੍ਹੀ ਤਰਿਆ ਜਿਨ੍ਹੀ ਏਕੁ ਧਿਆਇਆ॥', ਪੰਨਾ ੪੬੧. ਮਹਾਰਾਜ ਨੇ, ਪੰਨਾ ੬੮੨ ਤੇ, ਨਿਰਣਾ ਕਰ ਦਿਤਾ ਹੈ ਕਿ ਹਰੀ ਪ੍ਰਭੂ ਦੇ ਸਿਮਰਣ ਦੀ ਤੁਲਨਾ ਵਿਚ , ਸਾਰੇ ਉਚੇ ਆਚਾਰ, ਆਚਰਣ, ਵਿਹਾਰ ਆਦਿ, ਫ਼ੋਕ, ਤੱਤ-ਰਹਿਤ ਭਾਵ, ਬੇਕਾਰ ਹਨ - '**ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥**' ਭਾਵ, ਜਿਵੇਂ ਫ਼ਲ ਵਿਚ ਅਸਲ ਕੀਮਤ, ਉਸਦੇ ਰਸ ਦੀ ਹੈ। ਜੇ ਉਹ ਨਿਕਲ ਜਾਵੇ ਤਾਂ ਬਾਕੀ ਤਾਂ ਫ਼ੋਕ ਹੀ ਬਚਦਾ ਹੈ, ਜਿਸ ਦੀ ਕੋਈ ਕੀਮਤ ਨਹੀਂ ਮਿਲਦੀ।

ਭਗਤ ਕਬੀਰ ਜੀ, ਪੰਨਾ ੮੭੨ ਤੇ ਸਵਾਲ ਕਰਦੇ ਹਨ ਕਿ ਜਿਵੇਂ ਬਾਲਿਆਂ ਤੋਂ ਬਿਨਾਂ ਕੋਈ ਇਮਾਰਤ ਨਹੀਂ ਟਿਕ ਸਕਦੀ, ਇਸੇ ਤਰ੍ਹਾਂ ਨਾਮ ਸਿਮਰਣ ਤੋਂ ਬਿਨਾਂ ਕੋਈ, ਸੰਸਾਰ ਸਾਗਰ ਤੋਂ ਕਿਵੇਂ ਪਾਰ ਨਹੀਂ ਹੋ ਸਕੀਦਾ ਹੈ, ਭਾਵ, ਨਹੀਂ ਹੋ ਸਕੀਦਾ - 'ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ॥ ਨਾਮ ਬਿਨਾ ਕੈਸੇ ਪਾਰਿ ਉਤਰੈ॥' - ਇਸ ਸਾਰੇ ਸ਼ਬਦ ਵਿਚ ਭਗਤ ਕਬੀਰ ਜੀ ਨੇ ਅਸਲ ਪ੍ਰੈਕਟੀਕਲ ਧਰਮ, ਖੁਲ ਕੇ, ਤਾਰਕਿਕ ਵਿਧੀ ਨਾਲ ਦਸਿਆ ਹੈ।

**ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥**
**ਚਤੁਰ ਬੇਦ ਪੂਰਨ ਹਰਿ ਨਾਇ॥ ਨਾਨਕ ਤਿਸ ਕੀ ਸਰਣੀ ਪਾਇ॥੪॥੬॥**

-- ਇਹ ਪਦਾ, ਉਪਰ ਦੱਸੇ ਦੋਹਾਂ ਵਰਗਾਂ ਤੇ ਲਾਗੂ ਹੈ। ਇਸ ਵਿਚ, ਪਾਤਸ਼ਾਹ ਇੰਵ

ਫ਼ੁਰਮਾਣ ਕਰਦੇ ਹਨ ਕਿ **ਅਸਲ ਪੁਰੋਹਿਤ/ਧਰਮ ਦਾ ਵਿਦਵਾਨ ਉਹ ਹੈ ਜੋ ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਦੀ ਕਮਾਈ ਕਰਦਾ ਹੈ, ਭਾਵ ਰਾਮ ਨਾਮ/ਵਾਹਗੁਰੂ ਦਾ ਸਿਮਰਣ, ਬੰਦਗੀ ਕਰਦਾ ਹੈ।** ਅਜਿਹੇ ਪੰਡਤ ਤੇ, ਮੋਹ ਮਾਇਆ ਦਾ ਕੋਈ ਪ੍ਰਭਾਵ ਨਹੀਂ, ਭਾਵ, ਉਸ ਤੇ ਮਾਇਆ ਦੇ ਤਿੰਨੋਂ ਗੁਣ, ਰਜੋ, ਤਮੋ, ਸਤੋ ਪ੍ਰਭਾਵ ਨਹੀਂ ਪਾਉਂਦੇ। ਹੋਰ ਕੋਈ ਮਨੁਖ ਕਿਸੇ ਵੀ ਧਰਮ ਦਾ ਪੁਰੋਹਿਤ/ਵਿਦਵਾਨ ਨਹੀ ਅਖਵਾ ਸਕਦਾ। ਸਿਖਾਂ ਲਈ ਵੀ ਇਹੋ ਆਦੇਸ਼ ਹੈ।

**ਵੇਦ ਪੁਰਾਣ ਆਦਿਕ, ਸਾਰੇ ਧਰਮ ਗ੍ਰੰਥਾਂ ਦੇ ਪਾਠ ਦਾ, ਤਾਂ ਲਾਭ ਹੈ, ਜੇ ਇਨ੍ਹਾਂ ਨੂੰ ਪੜ੍ਹ ਕੇ ਹਰੀ ਦੇ ਨਾਮ ਦਾ ਸਿਮਰਣ ਕਰੇ**, ਇਹੀ ਹੈ ਰਾਮ ਪ੍ਰਭੂ ਦੀ ਸ਼ਰਣ ਲੈਣ ਦੀ ਵਿਧੀ, ਜਿਸ ਨਾਲ ਮਨੁਖ, ੮੪ ਦੇ ਗੇੜ ਤੋਂ ਬਿਸਰਾਮ (ਰੋਕ) ਪ੍ਰਾਪਤ ਕਰ ਸਕਦਾ ਹੈ। ਨੌਂਵੇਂ ਪਾਤਸ਼ਾਹ ਦਾ, ਪੰਨਾ ੨੨੦ ਤੇ ਫ਼ੁਰਮਾਣ ਹੈ - 'ਸਾਧੋ ਰਾਮ ਸਰਨਿ ਬਿਸਰਾਮਾ॥ **ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥**' ਇਹੀ ਅਸੂਲ ਸਿਖਾਂ ਤੇ ਵੀ ਲਾਗੂ ਹੁੰਦਾ ਹੈ, ਨਾ ਕਿ ਸਿਰਫ਼ ਵੇਦ ਪਾਠੀਆਂ ਤੇ। ਗੁਰੂ ਸਾਹਿਬ ਦਾ, ਜਾਂ ਹੋਰ ਕਿਸੇ ਵੀ ਮਹਾਂਪੁਰਖ ਦਾ ਉਪਦੇਸ ਸਾਰਿਆਂ ਲਈ ਸਾਂਝਾ ਹੀ ਹੁੰਦਾ ਹੈ। ਸਾਰੀ ਗੁਰਬਾਣੀ ਕੂਕ ਕੂਕ ਕੇ, ਪੁਕਾਰ ਪੁਕਾਰ ਕੇ ਕਹਿ ਰਹੀ ਹੈ, ਨਾਮ ਜਪ ਲਉ, ਨਾਮ ਜਪ ਲਉ, ਨਾਮ ਜਪ ਲਉ...। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਫ਼ੁਰਮਾਣ ਹੈ - 'ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥', 'ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥', ਪੰਨਾ ੧੩੫੨. ਭਗਤ ਕਬੀਰ ਜੀ - 'ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ॥ ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ॥', ਪੰਨਾ ੬੯੨.

-- ਅਜਿਹੇ ਪੰਡਤ/ਵਿਦਵਾਨ ਦੇ, ਪਰਮੇਸ਼ਰ ਦਾ ਨਾਮ ਜਪਣ ਵਿਚ ਹੀ ਚਾਰੇ ਵੇਦ, ਭਾਵ, ਸਾਰੇ ਧਰਮ ਗ੍ਰੰਥ ਸਮਾਏ ਹੋਏ ਹਨ। ਪੰਜਵੇਂ ਨਾਨਕ, ਫ਼ੁਰਮਾਣ ਕਰਦੇ ਹਨ ਕਿ ਅਸੀਂ, ਇਹੋ ਜਿਹੇ ਪੰਡਤ/ਵਿਦਵਾਨ ਦੀ ਸ਼ਰਣੀ ਪੈਂਦੇ ਹਾਂ।੪।੬।੧੭।

ਸਪੱਸ਼ਟ ਹੈ ਕਿ ਜਿੰਨੇ ਮਰਜ਼ੀ ਧਰਮ ਗ੍ਰੰਥ ਪੜ੍ਹੇ ਹੋਣ, ਸੰਪੂਰਨਤਾ ਵਿਚ ਤਾਂ ਹੀ ਪੜ੍ਹੇ ਮੰਨੇ ਜਾਣਗੇ, ਜੇ ਉਨ੍ਹਾਂ ਵਿਚ ਦਿਤੇ ਨਾਮ ਜਪਣ ਦੇ ਉਪਦੇਸ਼ ਨੂੰ ਧਾਰਣ ਕੀਤਾ ਜਾਏ, ਭਾਵ, ਨਾਮ ਜਪਿਆ ਜਾਏ। ਅਸਲ ਰਾਹ ਤਾਂ ਨਾਮ ਜਪਣ ਦਾ ਹੈ। ਪਾਤਸ਼ਾਹ ਨੇ, ੧੧੪੫ ਪੰਨੇ ਤੇ, ਬਚਨ ਕੀਤੇ ਹਨ ਕਿ ਨਾਮ ਸਿਮਰਣ ਵਿਚ, ਵੇਦ ਆਦਿ ਸਾਰੇ ਧਰਮ ਗ੍ਰੰਥ ਆ ਜਾਂਦੇ ਹਨ - 'ਨਾਮੁ ਹਮਾਰੈ ਬੇਦ ਅਰੁ ਨਾਦ॥' ਪਰ ਨਾਮ ਜਪੇ ਬਿਨਾਂ, ਧਰਮ ਗ੍ਰੰਥਾਂ ਦਾ ਪਾਠ, ਕਰਮ ਕਾਂਡ ਹੈ, ਮੰਜ਼ਲ ਤੇ ਨਹੀਂ ਪਹੁੰਚਾਏਗਾ।

ਸੁਖਮਨੀ ਸਾਹਿਬ ਵਿਚ, ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜੋ ਪੰਡਤ, ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਦ੍ਰਿੜ ਕਰ ਲੈਂਦਾ ਹੈ ਅਤੇ ਇੰਞ ਆਪਣਾ ਮਨ ਮਨਾ ਕੇ, ਸਹੀ ਰਸਤੇ ਤੇ ਤੋਰ ਲੈਂਦਾ ਹੈ, ਰਾਮ ਨਾਮ ਦਾ ਅੰਮ੍ਰਿਤ ਰਸ ਪੀ ਲੈਂਦਾ ਹੈ, ਅਜਿਹੇ ਪੰਡਤ ਦੇ ਦਿਤੇ ਉਪਦੇਸ਼ ਨੂੰ ਲੈਣ ਵਾਲਿਆਂ ਦਾ ਉਧਾਰ ਹੋ ਜਾਂਦਾ ਹੈ - 'ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥ ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥' ਅਤੇ ਨਾਲ ਹੀ ਅਜਿਹੇ ਪੰਡਿਤ ਨੂੰ ਨਮਸਕਾਰ ਕਰਦੇ ਹਨ - '..ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥' ਉਤਮ ਧਰਮ, ਨਾਮ ਜਪਣਾ ਹੈ - 'ਹਰਿ ਕੋ ਨਾਮੁ ਲੈ ਊਤਮ ਧਰਮਾ॥', ਪੰਨਾ ੮੭੪.